بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 15.01.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰ ਦੇ ਸਹਾਬੀ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ**

**ਡੀਜੀਟਲ ਪਲੇਟਫ਼ਾਰਮ'ਤੇ ਚੌਵੀ ਘੰਟੇ ਪ੍ਰਸਾਰਣ ਹੋਣ ਵਾਲੇ ਨਵੇਂ ਟੀਵੀ ਚੈਨਲ 'ਐਮ.ਟੀ.ਏ.ਘਾਨਾ' ਦਾ ਬਰਕਤਾਂ ਭਰਪੂਰ ਉਧਘਾਟਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 15 ਜਨਵਰੀ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشۡهَدُ أَنۡ لَا إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُولُهٗ أَمَّا بعد فاعوذ بالله من الشيطٰن الرجيم۔ بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ : ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਚਲ ਰਿਹਾ ਸੀ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਹਜ਼ਰਤ ਹਸਨ ਨੇ ਹਜ਼ਰਤ ਅਲੀ ਨੂੰ ਪ੍ਰਸ਼ਨ ਕੀਤਾ ਕਿ ਆਪ ਨੂੰ ਮੇਰੇ ਨਾਲ ਪ੍ਰੇਮ ਹੈ ? ਹਜ਼ਰਤ ਅਲੀ ਨੇ ਫ਼ਰਮਾਇਆ; ਹਾਂ, ਹਜ਼ਰਤ ਹਸਨ ਨੇ ਫਿਰ ਪ੍ਰਸ਼ਨ ਕੀਤਾ ਕਿ ਕੀ ਆਪ ਨੂੰ ਰੱਬ ਨਾਲ ਵੀ ਪ੍ਰੇਮ ਹੈ ? ਹਜ਼ਰਤ ਅਲੀ ਨੇ ਕਿਹਾ ਹਾਂ, ਹਜ਼ਰਤ ਹਸਨ ਨੇ ਕਿਹਾ ਫਿਰ ਤਾਂ ਤੁਸੀਂ ਇਕ ਪ੍ਰਕਾਰ ਸ਼ਿਰਕ ਦੇ ਭਾਗੀਦਾਰ ਹੋਏ । ਸ਼ਿਰਕ ਇਸੇ ਨੂੰ ਕਹਿੰਦੇ ਹਨ ਕਿ ਰੱਬ ਦੇ ਨਾਲ ਉਸਦੇ ਪ੍ਰੇਮ ਵਿੱਚ ਕਿਸੇ ਨੂੰ ਭਾਗੀਦਾਰ ਬਣਾ ਲਿਆ ਜਾਵੇ। ਹਜ਼ਰਤ ਅਲੀ ਨੇ ਫ਼ਰਮਾਇਆ, ਹਸਨ, ਮੈਂ ਸ਼ਿਰਕ ਦਾ ਭਾਗੀਦਾਰ ਨਹੀਂ ਹਾਂ, ਭਾਵੇਂ ਮੈਂ ਤੇਰੇ ਨਾਲ ਪ੍ਰੇਮ ਕਰਦਾ ਹਾਂ ਪਰ ਜੱਦ ਤੇਰਾ ਪ੍ਰੇਮ ਰੱਬ ਨੇ ਪ੍ਰੇਮ ਨਾਲ ਟਕਰਾ ਜਾਵੇ ਤਾਂ ਮੈਂ ਝੱਟ ਤੇਰਾ ਪ੍ਰੇਮ ਛੱਡ ਦਿਆਂਗਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਹਜ਼ਰਤ ਅਲੀ ਨੂੰ ਜੱਦ ਕੋਈ ਵੱਡੀ ਔਕੁੜ ਆਉਂਦੀ ਤਾਂ ਉਹ ਰੱਬ ਅੱਗੇ ਦੁਆ ਕਰਦੇ ਸਨ ਕਿ یَا کٰھٰیٰعٰصٓ اِغْفِرْلِیْ ਅਰਥਾਤ ਹੇ ਕਾਫ਼ ਹਾ ਯਾ ਐਨ ਸਾਦ ਮੈਂਨੂੰ ਬਖ਼ਸ਼ ਦੇ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਕਾਫ਼ ਤੋਂ ਭਾਵ ਰੱਬ ਦਾ ਗੁਣ ਕਾਫ਼ੀ (ਬਹੁਤ) ਹੈ, ਹਾ ਤੋਂ ਭਾਵ ਹਾਦੀ (ਸੁਮਾਰਗ'ਤੇ ਲਾਉਣ ਵਾਲਾ) ਅਤੇ ਐਨ ਤੋਂ ਭਾਵ ਆਲਮ ਜਾਂ ਜਾਨਣ ਵਾਲਾ ਹੈ ਅਤੇ ਸਾਦ ਤੋਂ ਭਾਵ ਸਚੱਾ ਹੈ ਅਰਥਾਤ ਆਪ ਰੱਬ ਤੋਂ ਇਹ ਦੁਆ ਮੰਗ ਰਹੇ ਹਨ ਕਿ ਹੇ ਅਲੱਾਹ ਤੂੰ ਕਾਫ਼ੀ (ਬਹੁਤ) ਹੈਂ, ਤੂੰ ਹਾਦੀ (ਸੁਮਾਰਗ ਦਸੱਣ ਵਾਲਾ) ਹੈਂ, ਤੂੰ ਆਲਮ ਤੇ ਜਾਨਣਹਾਰ ਹੈਂ, ਤੂੰ ਸਚੱਾ ਹੈਂ, ਤੇਰੀਆਂ ਇਹਨਾਂ ਸਾਰੀਆਂ ਸਿਫ਼ਤਾਂ ਦਾ ਤੈਂਨੂੰ ਵਾਸਤਾ ਕਿ ਤੂੰ ਮੈਂਨੂੰ ਬਖ਼ਸ਼ ਦੇਵੀਂ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਬਿਆਨ ਕਰਦੇ ਹਨ ਕਿ ਵਿਆਖਿਆਕਾਰਾਂ ਨੇ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਇਕ ਵਾਕਿਆ ਬਿਆਨ ਕੀਤਾ ਕਿ ਉਹਨਾ ਨੇ ਇਕ ਵਾਰ ਆਪਣੇ ਨੌਕਰ ਨੂੰ ਅਵਾਜ਼ ਮਾਰੀ, ਪਰ ਉਹ ਨ ਬੋਲਿਆ, ਆਪ

ਨੇ ਵਾਰ ਵਾਰ ਪੁਕਾਰਿਆ ਪਰ ਫਿਰ ਵੀ ਉਸ ਨੇ ਕੋਈ ਉੱਤਰ ਨਹੀਂ ਦਿੱਤਾ । ਥੋੜੀ ਦੇਰ ਬਾਦ ਉਹ ਲੜਕਾ ਸਬਬੀ ਸਾਹਮਣੇ ਦਿੱਖ ਗਿਆ ਤਾਂ ਆਪਨੇ ਉਸ ਨੰ ਪੁੱਛਿਆ ਕਿ ਮਾਲਕ ਤੈਨੂੰ ਕੀ ਹੋ ਗਿਆ ਹੈ ਕਿ ਮੈਂ ਤੈਨੂੰ ਕਈ ਵਾਰ ਬੁਲਾਇਆ ਪਰ ਤੂੰ ਨਹੀਂ ਬੋਲਿਆ । ਉਸ ਨੇ ਕਿਹਾ ਕਿ ਅਸਲ ਗੱਲ ਇਹ ਹੈ ਕਿ ਮੈਨੂੰ ਆਪ ਦੀ ਨਰਮੀ ਦਾ ਵਿਸ਼ਵਾਸ ਸੀ ਅਤੇ ਆਪਦੇ ਦੰਡ ਤੋਂ ਮੈਂ ਆਪਣੇ ਆਪ ਨੂੰ ਸੁਰੱਖਿਅਤ ਸਮਝਦਾ ਹਾਂ, ਇਸ ਲਈ ਮੈਂ ਆਪ ਦੀ ਗੱਲ ਦਾ ਉਤੱਰ ਨਹੀਂ ਦਿਤੱਾ । ਹਜ਼ਰਤ ਅਲੀ ਨੂੰ ਇਸ ਲੜਕੇ ਦੀ ਗੱਲ ਪਸੰਦ ਆਈ ਆਪ ਨੇ ਉਸਨੂੰ ਅਜ਼ਾਦ ਕਰ ਦਿਤੱਾ । ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਜੇਕਰ ਕੋਈ ਦੁਨੀਆਦਾਰ ਹੁੰਦਾ ਤਾਂ ਸੰਭਵਤਾ ਉਸਨੂੰ ਦੰਡ ਦਿੰਦਾ ਕਿ ਤੂੰ ਮੇਰੀ ਨਰਮੀ ਦਾ ਅਣਉਚਿਤ ਲਾਭ ਚੁੱਕ ਰਿਹਾ ਹੈਂ, ਪਰ ਆਪ ਨੇ ਉਸਨੂੰ ਪੁਰੁਸਕਾਰ ਨਾਲ ਨਿਵਾਜਿਆ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਫ਼ਰਮਾਉਂਦੇ ਹਨ ਕਿ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਕਿਸੇ ਸਹਾਬੀ ਨੇ ਖਾਣੇ'ਤੇ ਬੁਲਾਇਆ । ਕੁਝ ਸਹਾਬਾ ਵੀ ਨਿਮੰਤਰਤ ਸਨ, ਜਿੰਨ੍ਹਾ ਵਿੱਚ ਹਜ਼ਰਤ ਅਲੀ ਵੀ ਸ਼ਾਮਲ ਸਨ । ਹਜ਼ਰਤ ਅਲੀ ਹੋਰਨਾ ਤੋਂ ਛੋਟੀ ਉਮਰ ਦੇ ਸਨ । ਇਸ ਲਈ ਕੁਝ ਸਹਾਬਾ ਨੂੰ ਆਪ ਨਾਲ ਮਜ਼ਾਕ ਦੀ ਸੁੱਝੀ ਉਹ ਖਜੂਰਾਂ ਖਾਂਦੇ ਜਾਂਦੇ ਅਤੇ ਗੁਠਲੀਆਂ ਹਜ਼ਰਤ ਅਲੀ ਦੇ ਸਾਹਮਣੇ ਰਖੱਦੇ ਜਾਂਦੇ । ਫਿਰ ਸਹਾਬਾ ਨੇ ਮਜ਼ਾਕ ਨਾਲ ਹਜ਼ਰਤ ਅਲੀ ਨੂੰ ਕਿਹਾ ਕਿ ਤੁਸੀਂ ਸਾਰੀਆਂ ਖਜੂਰਾਂ ਖਾ ਲਈਆਂ ਹਨ ਇਹ ਦੇਖੋ ਸਾਰੀਆਂ ਗੁਠਲੀਆਂ ਤੁਹਾਡੇ ਸਾਹਮਣੇ ਪਈਆਂ ਹਨ । ਹਜ਼ਰਤ ਅਲੀ ਦੇ ਸੁਭਾਵ ਵਿੱਚ ਚਿੜਚੜਾਪਨ ਹੁੰਦਾ ਤਾਂ ਆਪ ਸਹਾਬਾ ਨਾਲ ਲੜ ਪੈਂਦੇ ਅਤੇ ਕਹਿੰਦੇ ਕਿ ਆਪ ਨੇ ਮੇਰੇ'ਤੇ ਆਰੋਪ ਲਾਇਆ ਹੈ ਜਾਂ ਤੁਸੀਂ ਬਦਜ਼ੰਨੀ ਕਰਦੇ ਹੋ । ਹਜ਼ਰਤ ਅਲੀ ਸਮਝ ਗਏ ਕਿ ਇਹ ਮਜ਼ਾਕ ਹੈ ਜੋ ਇਹਨਾ ਨਾਲ ਕੀਤਾ ਗਿਆ ਹੈ । ਹੁਣ ਮੇਰੀ ਖ਼ੂਬੀ ਹੈ ਕਿ ਮੈਂ ਵੀ ਇਸ ਦਾ ਉਤੱਰ ਮਜ਼ਾਕ ਵਿੱਚ ਦਿਆਂ, ਆਪ ਨੇ ਕਿਹਾ ਕਿ ਆਪ ਸਾਰੇ ਤਾਂ ਗੁਠਲੀਆਂ ਵੀ ਖਾ ਗਏ, ਮੈਂ ਤਾਂ ਗੁਠਲੀਆਂ ਰਖੱਦਾ ਰਿਹਾ ਹਾਂ । ਸਹਾਬਾ'ਤੇ ਇਹ ਮਜ਼ਾਕ ਪਰਤ ਪਿਆ ਤੇ ਸਾਰੇ ਹੱਸ ਪਏ ।

ਕੁਰਆਨ ਕਰੀਮ ਵਿੱਚ ਹੁਕੁਮ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਤੋਂ ਕੋਈ ਮਸ਼ਵਰਾ ਲਓ ਤਾਂ ਪਹਿਲਾਂ ਸਦਕਾ (ਦਾਨ) ਦੇ ਲਿਆ ਕਰੋ । ਜੱਦ ਇਹ ਹੁਕੁਮ ਨਾਜ਼ਲ ਹੋਇਆ ਤਾਂ ਹਜ਼ਰਤ ਅਲੀ ਆਪ ਦੀ ਸੇਵਾ ਵਿੱਚ ਹਾਜ਼ਰ ਹੋਏ ਅਤੇ ਕੁਝ ਰਕਮ ਦਾਨ ਦੇ ਰੂਪ ਵਿੱਚ ਪੇਸ਼ ਕਰਕੇ ਅਰਜ਼ ਕੀਤੀ ਕਿ ਮੈਂ ਕੁਝ ਮਸ਼ਵਰਾ ਲੈਂਣਾ ਚਾਹੁੰਦਾ ਹਾਂ । ਆਂਹਜ਼ਰਤ ਸਲਲੱਾਹੁ ਆਲੈਹਿ ਵਸਲੱਮ ਨੇ ਵੱਖਰਿਆਂ ਜਾਕੇ ਹਜ਼ਰਤ ਅਲੀ ਨਾਲ ਗਲੱਾਂ ਕੀਤੀਆਂ । ਕਿਸੇ ਸਹਾਬੀ ਨੇ ਹਜ਼ਰਤ ਅਲੀ ਨੂੰ ਪੁੱਛਿਆ ਕਿ ਕੀ ਗਲੱਾਂ ਕੀਤੀਆਂ ਸਨ ਜਿਸ ਬਾਰੇ ਤੁਸੀਂ ਮਸ਼ਵਰਾ ਕੀਤਾ । ਹਜ਼ਰਤ ਅਲੀ ਨੇ ਉਤੱਰ ਦਿਤੱਾ ਕਿ ਕੋਈ ਵਿਸ਼ੇਸ਼ ਗੱਲ ਤਾਂ ਮਸ਼ਵਰੇ ਦੀ ਨਹੀਂ ਸੀ ਪਰ ਮੇਰੀ ਇਛੱਾ ਸੀ ਕਿ ਕੁਰਆਨ ਕਰੀਮ ਦੇ ਇਸ ਹੁਕੁਮ ਉਪੱਰ ਅਮਲ ਹੋ ਜਾਏ ।

ਉਮੁੱਲਮੋਮਿਨੀਨ (ਮੋਮਿਨਾਂ ਦੀ ਮਾਂ) ਹਜ਼ਰਤ ਉਮੇ ਸਲਮਾ ਬਿਆਨ ਕਰਦੀ ਹਨ ਕਿ ਮੈਂ ਗਵਾਹੀ ਦਿੰਦੀ ਹਾਂ ਕਿ ਮੈਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ ਫ਼ਰਮਾਉਂਦਿਆਂ ਹੋਇਆਂ ਸੁਣਿਆ ਹੈ ਕਿ ਜਿਸ ਨੇ ਅਲੀ ਨਾਲ ਪ੍ਰੇਮ ਕੀਤਾ ਉਸ ਨੇ ਮੇਰੇ ਨਾਲ ਪ੍ਰੇਮ ਕੀਤਾ ਅਤੇ ਜਿਸ ਨੇ ਮੇਰੇ ਨਾਲ ਪ੍ਰੇਮ ਕੀਤਾ ਉਸਨੇ ਰੱਬ ਨਾਲ ਪ੍ਰੇਮ ਕੀਤਾ ਅਤੇ ਜਿਸਨੇ ਅਲੀ ਨਾਲ ਵੈਰ ਰੱਖਿਆ ਉਸਨੇ ਮੇਰੇ ਨਾਲ ਵੈਰ ਰੱਖਿਆ ਅਤੇ ਜਿਸ ਨੇ ਮੇਰੇ ਨਾਲ ਵੈਰ ਰੱਖਿਆ ਉਸ ਨੇ ਰੱਬ ਨਾਲ ਵੈਰ ਰੱਖਿਆ ।

ਹਜ਼ਰਤ ਅਲੀ ਨੇ ਫ਼ਰਮਾਇਆ ਕਿ ਉਸ ਰੱਬ ਦੀ ਸਹੁੰ ਜਿਸ ਨੇ ਦਾਣੇ ਨੂੰ ਪਾੜਿਆ ਜੀਵਨ ਪ੍ਰਦਾਨ ਕੀਤਾ ਨਿਸ਼ਚੇ ਹੀ ਉਮੀ ਨਬੀ ਸਲਲੱਾਹੁ ਅਲੈਹਿ ਵਸਲੱਮ ਦਾ ਇਹ ਮੇਰੇ ਨਾਲ ਪ੍ਰਣ ਸੀ ਕਿ ਮੇਰੇ ਨਾਲ ਕੇਵਲ ਮੋਮਿਨ ਪ੍ਰੇਮ ਰੱਖੇਗਾ ਅਤੇ ਕੇਵਲ ਮੁਨਾਫ਼ਕ ਮੇਰੇ ਨਾਲ ਕੀਨਾ ਰੱਖੇਗਾ । ਹਜ਼ਰਤ ਅਲੀ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਮੈਨੂੰ ਬੁਲਾਇਆ ਅਤੇ ਫ਼ਰਮਾਇਆ ਤੁਹਾਡੀ ਉਧਾਰਣ ਹਜ਼ਰਤ ਈਸਾ ਜਿਹੀ ਹੈ ਜਿੰਨ੍ਹਾ ਨਾਲ ਯਹੂਦੀਆਂ ਨੇ ਐਨ੍ਹਾ ਕੀਨਾ ਕੀਤਾ ਕਿ ਉਹਨਾ ਦੀ ਮਾਂ ਉਪੱਰ ਆਰੋਪ ਤੇ ਊਝਾਂ ਲਈਆਂ ਅਤੇ ਈਸਾਈ ਲੋਕ ਆਪ ਦੇ ਪ੍ਰੇਮ ਵਿੱਚ ਅਰਥਾਤ ਹਜ਼ਰਤ ਈਸਾ ਅਲੈਹਿ ਸਲਾਮ ਦੇ ਪ੍ਰੇਮ ਵਿੱਚ ਐਨ੍ਹੇ ਵੱਧ ਗਏ ਕਿ ਉਹਨਾ ਨੇ ਆਪ ਨੂੰ ਉਹ ਸਥਾਨ ਦੇ ਦਿਤੱਾ ਜੋ ਕਿ ਉਹਨਾ ਦਾ ਸਥਾਨ ਨਹੀਂ ਸੀ, ਫਿਰ ਹਜ਼ਰਤ ਅਲੀ ਨੇ ਫ਼ਰਮਾਇਆ, ਖ਼ਬਰਦਾਰ ਮੇਰੇ ਬਾਰੇ ਦੋ ਪ੍ਰਕਾਰ ਦੇ ਵਿਅਕਤੀ ਹਲਾਕ ਹੋਣਗੇ ਇਕ ਉਹ ਜੋ ਪ੍ਰੇਮ ਵਿੱਚ ਵਧਾ ਚੜ੍ਹਾ ਕੇ (ਮਿਲਾਵਟ ਕਰਕੇ) ਮੈਨੂੰ ਉਹ ਸਥਾਨ ਦੇਣਗੇ ਜੋ ਮੇਰਾ ਸਥਾਨ ਨਹੀਂ ਹੈ । ਅਤੇ ਦੂਜੇ ਉਹ ਲੋਕ ਜੋ ਮੇਰੇ ਨਾਲ ਕੀਨਾ ਰਖੱਣਗੇ ਅਤੇ ਮੇਰੀ ਦੁਸ਼ਮਣੀ ਵਿੱਚ ਮੇਰੇ'ਤੇ ਆਰੋਪ ਤੇ ਊਝਾਂ ਲਾਉਣਗੇ । ਹਜ਼ਰਤ ਅਲੀ ਦੇ ਕੋਲ ਜੱਦ ਵੀ ਫ਼ੈ ਦਾ ਮਾਲ (ਬਿਨਾ ਜੰਗ ਕੀਤੇ ਹੱਥ

ਆਇਆ ਧੰਨ ਮਾਲ) ਆਉਂਦਾ ਤਾਂ ਆਪ ਉਹ ਸਾਰੇ ਦਾ ਸਾਰਾ ਵੰਡ ਦਿੰਦੇ । ਆਪ ਫ਼ਰਮਾਇਆ ਕਰਦੇ ਸਨ ਕਿ ਹੇ, ਦੁਨੀਆ ! ਜਾ ਮੇਰੇ ਬਿਨਾ ਕਿਸੇ ਹੋਰ ਨੂੰ ਜਾਕੇ ਧੋਖਾ ਦੇ, ਇਹ ਮਾਲ ਨ ਤਾਂ ਆਪ ਲੈਂਦੇ ਅਤੇ ਨ ਹੀ ਕਿਸੇ ਨਿੱਘੇ ਮਿੱਤਰ ਜਾਂ ਸੰਬੰਧੀ ਨੂੰ ਇਸ ਵਿੱਚੋਂ ਕੁਝ ਦਿੰਦੇ । ਆਪ ਗਵਰਨਰੀ ਅਤੇ ਉਹਦੇ ਆਦਿ ਕੇਵਲ ਇਮਾਨਦਾਰ ਲੋਕਾਂ ਨੂੰ ਦਿੰਦੇ ।

ਰਿਵਾਇਤ ਕਰਨ ਵਾਲੇ ਬਿਆਨ ਕਰਦੇ ਹਨ ਕਿ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਇਕ ਕੋੜਾ (ਚਾਬੁਕ) ਹੱਥ ਵਿੱਚ ਲਈ ਬਜ਼ਾਰ ਵਿੱਚੋਂ ਲੰਘ ਰਹੇ ਸਨ ਅਤੇ ਲੋਕਾਂ ਨੂੰ ਰੱਬ ਦਾ ਤਕਵਾ (ਸੰਜਮਤਾ) ਧਾਰਣ ਕਰਨ, ਸੱਚੀ ਗੱਲ ਕਹਿਣ, ਖ਼ਰੀਦਣ ਵੇਚਣ, ਮਾਪ ਤੋਲ ਅਤੇ ਪੂਰਾ ਤੋਲ ਕਰਨ ਦੀ ਨਸੀਹਤ ਕਰ ਰਹੇ ਸਨ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਆਪਣਾ ਇਕ ਦਿਵਦ੍ਰਿਸ਼ (ਰੋਯਾ, ਸੁਪਨਾ) ਬਿਆਨ ਕਰਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਕੀ ਦੇਖਦਾ ਹਾਂ ਕਿ ਮੈਂ ਹਜ਼ਰਤ ਅਲੀ ਕਰਮੁਲੱਾਹ ਵਜਹੁ ਬਣ ਗਿਆ ਹਾਂ ਅਤੇ ਇਕ ਖ਼ਵਾਰਜਾਂ ਦਾ ਜਥੱਾ ਮੇਰੀ ਖ਼ਿਲਾਫ਼ਤ ਦਾ ਵਿਰੋਧ ਕਰ ਰਿਹਾ ਹੈ । ਤੱਦ ਮੈਂ ਦੇਖਿਆ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਮੇਰੇ ਕੋਲ ਹਨ ਅਤੇ ਮਿਹਰ ਤੇ ਕਿਰਪਾ ਨਾਲ ਮੈਂਨੂੰ ਫ਼ਰਮਾਉਂਦੇ ਹਨ ਕਿ يَا عَلِي دَعْهُمْ وَأَنْصَارَهُمْ وَزِرَاعَتَهُمْ ۔ ਅਰਥਾਤ ਹੇ ਅਲੀ ਇਹਨਾ ਤੋਂ, ਇਹਨਾ ਦੇ ਸਹਾਇਕਾਂ ਤੋਂ ਅਤੇ ਇਹਨਾ ਦੀ ਖੇਤੀ ਤੋਂ ਕਿਨਾਰਾ ਕਰੋ ਅਤੇ ਇਹਨਾ ਨੂੰ ਛੱਡ ਦਿਓ ਅਤੇ ਇਹਨਾ ਤੋਂ ਮੂੰਹ ਫੇਰ ਲਓ ।

ਇਕ ਵਾਰ ਅਮੀਰ ਮੁਆਵੀਆਹ ਦੇ ਜ਼ਰਾਰ ਸੌਦਾਈ ਨੂੰ ਕਿਹਾ ਕਿ ਮੈਂਨੂੰ ਹਜ਼ਰਤ ਅਲੀ ਦੀਆਂ ਸਿਫ਼ਤਾਂ ਦੱਸੋ । ਉਸ ਨੇ ਕਿਹਾ ਕਿ ਹੇ ਅਮੀਰੁਲ ਮੋਮਿਨੀਨ ਮੈਂਨੂੰ ਮੁਆਫ਼ ਕਰੋ । ਅਮੀਰ ਮੁਆਵੀਆਹ ਨੇ ਕਿਹਾ ਤੁਹਾਨੂੰ ਦਸੱਣਾ ਪਏਗਾ । ਜ਼ਰਾਰ ਨੇ ਕਿਹਾ ਕਿ ਜੇਕਰ ਇਹ ਗੱਲ ਹੈ ਤਾਂ ਫਿਰ ਸੁਣੋ । ਰੱਬ ਦੀ ਸਹੁੰ ਹਜ਼ਰਤ ਅਲੀ ਬੁਲੰਦ ਹੌਂਸਲਾ ਅਤੇ ਬਹੁਬਲੀ ਸਨ । ਨਿਰਣਾਇਕ ਗੱਲ ਕਹਿੰਦੇ ਅਤੇ ਨਿਆਪੂਰਬਕ ਫ਼ੈਸਲਾ ਕਰਦੇ ਸਨ । ਆਪ ਗਿਆਨ ਮਆਰਫ਼ਤ ਦਾ ਵਗੱਦਾ ਹੋਇਆ ਸੋਮਾ ਸਨ ਅਤੇ ਆਪ ਦੀ ਗੱਲ ਗੱਲ ਵਿੱਚੋਂ ਦਾਨਾਈ ਵਹਿੰਦੀ ਸੀ । ਆਪ ਦੁਨੀਆ ਅਤੇ ਇਸ ਦੇ ਲੋਭ ਤੋਂ ਡਰ ਅਨੁਭਵ ਕਰਦੇ ਸਨ ਅਤੇ ਰਾਤ ਤੇ ਇਸਦੇ ਇਕਾਂਤ ਨਾਲ ਸਨੇਹ ਰਖੱਦੇ ਸਨ । ਆਪ ਬਹੁਤ ਰੋਣ ਵਾਲੇ ਤੇ ਬਹੁਤ ਚਿੰਤਕ ਵਿਅਕਤੀ ਸਨ । ਆਪ ਸਾਦਾ ਵਸਤਰ ਅਤੇ ਅਤਿਅੰਤ ਸਾਧਾਰਣ ਖਾਣਾ ਪਸੰਦ ਕਰਦੇ ਸਨ । ਆਪ ਸਾਡੇ ਵਿੱਚ ਸਾਡਿਆਂ ਵਾਂਗ ਇਕ ਸਾਧਾਰਣ ਵਿਅਕਤੀ ਵਾਂਗ ਰਹਿੰਦੇ ਸਨ । ਅਸੀਂ ਪ੍ਰਸ਼ਨ ਕਰਦੇ ਤਾਂ ਆਪ ਉਤੱਰ ਦਿੰਦੇ ਅਤੇ ਕਿਸੇ ਗੱਲ ਬਾਰੇ ਪੁਛੱਦੇ ਤਾਂ ਦੱਸ ਦਿੰਦੇ । ਰੱਬ ਦੀ ਸਹੁੰ ਸਾਡਾ ਉਹਨਾਂ ਨਾਲ ਅਤੇ ਉਹਨਾ ਦਾ ਸਾਡੇ ਨਾਲ ਪ੍ਰੇਮ ਤੇ ਨੇੜਤਾ ਦਾ ਸੰਬੰਧ ਹੁੰਦਿਆਂ ਹੋਇਆਂ ਵੀ ਅਸੀਂ ਉਹਨਾ ਦੇ ਰੁਹਬ ਕਰਕੇ ਉਹਨਾ ਨਾਲ ਘੱਟ ਗੱਲ ਕਰਿਆ ਕਰਦੇ ਸਨ । ਉਹ ਧਾਰਮਕ ਲੋਕਾਂ ਦਾ ਸਤਿਕਾਰ ਕਰਦੇ ਅਤੇ ਮਸਕੀਨਾ ਨੂੰ ਆਪਣੇ ਨੇੜੇ ਥਾਂ ਦਿੰਦੇ ਸਨ । ਕੋਈ ਸ਼ਕਤੀਸ਼ਾਲੀ ਵਿਅਕਤੀ ਇਹ ਤਮਾ (ਲਾਲਚ) ਨਹੀਂ ਰੱਖ ਸਕਦਾ ਸੀ ਕਿ ਉਹ ਆਪਣ ਝੂਠੀ ਗੱਲ ਨਾਲ ਆਪ ਨੂੰ ਮਨਵਾ ਲਏਗਾ ਅਤੇ ਕੋਈ ਨਿਰਬਲ ਵਿਅਕਤੀ ਆਪ ਦੇ ਨਿਆਏ ਤੇ ਇਨਸਾਫ਼ ਤੋਂ ਨਿਰਾਸ਼ ਨ ਹੁੰਦਾ ਸ । ਰੱਬ ਦੀ ਸਹੁੰ ਕਈ ਮੌਕਿਆਂ'ਤੇ ਮੈਂ ਦੇਖਿਆ ਕਿ ਜੱਦ ਰਾਤ ਢੱਲ੍ਹ ਜਾਂਦੀ ਅਤੇ ਤਾਰੇ ਫਿੱਕੇ ਪੈ ਜਾਂਦੇ ਤਾਂ ਆਪ ਦਾੜ੍ਹੀ ਫੜਕੇ ਇਉਂ ਤੜਫ਼ਦੇ ਜਿਵੇਂ ਸੱਪ ਦਾ ਡੱਸਿਆ ਵਿਅਕਤੀ ਤੜਫਦਾ ਹੈ ਅਤੇ ਅਤਿਅੰਤ ਦੁਖੀ ਵਿਅਕਤੀ ਵਾਂਗ ਰੋਂਦੇ ਅਤੇ ਕਹਿੰਦਾ ਹੇ ਦੁਨੀਆ ! ਜਾ ਤੂੰ ਮੇਰੇ ਬਿਨਾ ਕਿਸੇ ਹੋਰ ਨੂੰ ਜਾਕੇ ਧੋਖਾ ਦੇ । ਕੀ ਤੂੰ ਮੇਰੇ ਮੂੰਹ ਲਗਦੀ ਹੈਂ ਅਤੇ ਮੈਂਨੂੰ ਸੱਜ ਸਵਰ ਕੇ ਖਿਉਂਦੀ ਹੈਂ ਤੂੰ ਜੋ ਚਾਹੁੰਦੀ ਹੈਂ ਉਹ ਕਦੇ ਨਹੀਂ ਹੋਵੇਗਾ ਕਦੇ ਨਹੀਂ ਹੋਵੇਗਾ । ਮੈਂ ਤਾਂ ਤੁਹਾਨੂੰ ਤਿੰਨ ਤਲਾਕਾਂ ਦੇ ਚੁੱਕਿਆ ਹਾਂ ਜਿੰਨ੍ਹਾ ਦੇ ਬਾਦ ਫਿਰ ਕੋਈ ਨਹੀਂ ਪਰਤ ਸਕਦਾ । ਕਿਉਂਕਿ ਤੇਰੀ ਉਮਰ ਥੋੜੀ ਹੈ ਅਤੇ ਤੂੰ ਨਿਕਦਰੀ ਹੈ । ਆਹ ! ਸਫ਼ਰ ਖ਼ਰਚ ਘੱਟ ਹੈ ਪਰ ਸਫ਼ਰ ਲੰਮਾ ਅਤੇ ਮਾਰਗ ਵੀ ਭਿਆਨਕ ਹੈ । ਇਹ ਸੁਣਕੇ ਅਮੀਰ ਮੁਆਵੀਆਹ ਰੋ ਪਏ ਅਤੇ ਕਿਹਾ, ਰੱਬ ਅਬੁਲ ਹਸਨ'ਤੇ ਰਹਿਮ ਕਰੇ, ਰੱਬ ਦੀ ਸਹੁੰ ਉਹ ਅਜਿਹੇ ਹੀ ਸਨ । ਹੇ, ਜ਼ਰਾਰ ! ਅਲੀ ਦੇ ਦੇਹਾਂਤ'ਤੇ ਤੁਹਾਨੂੰ ਕੈਸਾ ਦੁੱਖ ਹੋਇਆ । ਜ਼ਰਾਰ ਨੇ ਕਿਹਾ ਉਸ ਇਸਤਰੀ ਜਿਹਾ ਜਿਸਦੇ ਬੱਚੇ ਨੂੰ ਉਸ ਕੁਛੱੜ ਵਿੱਚ ਹੀ ਮਾਰ ਦਿਤੱਾ ਜਾਏ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਹਜ਼ਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਗੁਣਗਾਨ ਕਰਦਿਆਂ ਹੋਇਆ ਫ਼ਰਮਾਉਂਦੇ ਹਨ : ਇਸ ਵਿੱਚ ਰਤੱਾ ਜਿੰਨ੍ਹਾ ਵੀ ਸੰਦੇਹ ਨਹੀਂ ਕਿ ਹਜ਼ਰਤ ਅਲੀ ਸਚੱਾਈ ਭਾਲਣ ਵਾਲਿਆਂ ਲਈ ਆਸ਼ਾ ਅਤੇ ਸਖ਼ੀਆਂ ਦੇ ਅਦੁੱਤੀ ਨਮੂਨਾ ਸਨ ਅਤੇ ਬੰਦਗਾਨੇ ਖ਼ੁਦਾ (ਰੱਬੀ ਜਿਊੜਿਆਂ) ਲਈ ਹੁਜੱਾਤੁਲੱਾਹ (ਰੱਬ ਤੱਕ ਪਹੁੰਚੇ ਹੋਏ) ਸਨ ਭਾਵ ਆਪਣੇ ਯੁੱਗ ਦੇ ਲੋਕਾਂ ਵਿੱਚ ਚੰਗੇ ਇਨਸਾਨ ਅਤੇ ਦੇਸ਼ਾਂ ਨੂੰ ਰੌਸ਼ਨ ਕਰਨ ਲਈ ਇਲਾਹੀ ਨੂਰ ਸਨ ।

ਹਜ਼ਰਤ ਅਲੀ ਰਜ਼ੀ ਅਲੱਹ ਅਨਹੁ ਸੰਜਮੀ, ਪਵਿਤੱਰ ਅਤੇ ਉਹਨਾ ਲੋਕਾਂ ਵਿੱਚੋਂ ਸਨ ਜੋ ਮਿਹਰਬਾਨ ਰੱਬ ਨੇੜੇ ਸਭ ਤੋਂ ਬਹੁਤੇ ਪਿਆਰੇ ਹੁੰਦੇ ਹਨ ਅਤੇ ਆਪ ਕੌਮ ਨੇ ਵਡੇਰਿਆਂ ਤੇ ਸਮੇਂ ਸਰਦਾਰਾਂ ਵਿੱਚੋਂ ਸਨ । ਆਪ ਵਿਜੇਈ ਰੱਬ ਦੇ ਸ਼ੇਰ ਸਨ । ਮਿਹਰਬਾਨ ਰੱਬ ਦੇ ਜਵਾਂਮਰਦ (ਮਹਾਪੁਰੁਸ਼), ਸਖ਼ੀ ਤੇ ਪਾਕ ਦਿਲ ਸਨ, ਆਪ ਅਜਿਹੇ ਅਡੋਰੇ ਬਹਾਦਰ ਸਨ ਜੋ ਰਣਖੇਤਰ ਵਿੱਚ ਕਦੇ ਆਪਣੀ ਥਾਂ ਨਹੀਂ ਛਡੱਦੇ ਭਾਵੇਂ ਉਹਨਾ ਦੇ ਟਾਕਰੇ'ਤੇ ਦੁਸ਼ਮਣ ਦੀ ਇਕ ਫ਼ੌਜ ਹੋਵੇ । ਆਪ ਨੇ ਸਾਰੀ ਉਮਰ ਗ਼ਰੀਬੀ ਵਿੱਚ ਲੰਘਾਈ ਅਤੇ ਮਨੁਖੱਤਾ ਦੇ ਉਚੱਤਮ ਸਥਾਨ ਨੂੰ ਪਹੁੰਚੇ । ਆਪ ਅਤਿਅੰਤ ਮਿਠੱ ਬੋਲੜੇ ਅਤੇ ਖੁਲਦਿਲੇ ਵਿਅਕਤੀ ਸਨ ਆਪਦੇ ਬੋਲ ਦਿਲਾਂ ਦੀ ਡੂੰਘਿਆਈ ਵਿੱਚ ਜਾ ਉਤਰਦੇ ਸਨ ਅਤੇ ਇਸ ਨਾਲ ਸੋਚਾਂ ਦੇ ਜ਼ੰਗ ਸਾਫ਼ ਹੋ ਜਾਂਦੇ ਅਤੇ ਦਲੀਲਾਂ ਦੇ ਨੂਰ ਨਾਲ ਚਿਹਰਾ ਚਮਕ ਜਾਂਦਾ । ਆਪ ਲਾਚਾਰਾਂ ਦੇ ਦੁੱਖ ਦੂਰ ਕਰਨ ਨੂੰ ਉਤਸਾਹਤ ਕਰਦੇ ਅਤੇ ਗ਼ਰੀਬਾਂ ਤੇ ਮਾੜੇ ਹਾਲਾਤਾਂ ਵਾਲਿਆਂ ਨੂੰ ਖਾਣਾ ਖੁਆਉਣ ਦੇ ਆਦੇਸ਼ ਦਿੰਦੇ । ਆਪ ਨੂੰ ਕੁਰਆਨ ਕੀਰਮ ਦੇ ਸੂਖਮ ਨੁਕਤਿਆਂ ਉਪੱਰ ਅਦਭੁੱਤ ਬੋਧ ਪ੍ਰਦਾਨ ਕੀਤਾ ਗਿਆ ਸੀ । ਮੈਂ ਉਹਨਾ ਨੂੰ ਜਾਗਦਿਆਂ ਹੋਇਆਂ ਦੇਖਿਆ ਅਤੇ ਮੈਂ ਆਪ ਨੂੰ ਆਚਰਣਾ ਵਿੱਚ ਸੰਤੁਲਿਤ, ਨਿਸ਼ਚਿਆਂ ਵਿੱਚ ਪਕੱਾ, ਸੰਤੁਲਨ ਸੁਭਾਵੀ ਅਤੇ ਖਿੜੇ ਮੱਥੇ ਵਾਲਾ ਦੇਖਿਆ । ਇਹ ਦਿਵਦ੍ਰਿਸ਼ ਜਾਗਦੇ ਹੋਏ ਦ੍ਰਿਸ਼ਿਆਂ ਵਿੱਚੋਂ ਸੀ । ਮੈਂਨੂੰ ਹਜ਼ਰਤ ਅਲੀ ਅਤੇ ਹਜ਼ਰਤ ਹਸਨ ਨਾਲ ਇਕ ਸੂਖ਼ਮ ਤੁਲਨਾ ਹੈ ਅਤੇ ਇਸ ਤੁਲਨਾਤਮਕ ਵਾਸਤਵਿਕਤਾ ਨੂੰ ਪੂਰਬ ਤੇ ਪਛੱਮ ਦੇ ਰੱਬ ਤੋਂ ਬਿਨਾ ਕੋਈ ਨਹੀਂ ਜਾਣਦਾ ਅਤੇ ਮੈਂ ਹਜ਼ਰਤ ਅਲੀ ਅਤੇ ਆਪ ਦੇ ਦੋਵੇਂ ਪੁਤੱਰਾਂ ਨਾਲ ਪ੍ਰੇਮ ਕਰਦਾ ਹਾਂ ਅਤੇ ਜੋ ਇਹਨਾ ਨਾਲ ਵੈਰ ਰੱਖੇ ਉਸ ਨਾਲ ਵੈਰ ਰਖੱਦਾ ਹਾਂ । ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਐਥੇ ਹਜਰਤ ਅਲੀ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਖ਼ਤਮ ਹੁੰਦਾ ਹੈ। ਇਨਸ਼ਾਅਲੱਾਹ, ਭਵਿੱਖ ਵਿੱਚ ਅੱਗਲਾ ਜ਼ਿਕਰ ਅਰੰਭ ਹੋਵੇਗਾ ।

ਜੁਮਏ ਦੇ ਖੁਤਬੇ ਦੇ ਅਖ਼ੀਰ ਵਿੱਚ ਹਜ਼ੂਰ ਅਨਵਰ ਫ਼ਰਮਾਇਆ ਕਿ : ਇਨਸ਼ਾਅਲੱਾਹ, ਨਮਾਜ਼ਾਂ ਪੜ੍ਹਨ ਦੇ ਬਾਦ ਮੈਂ ਇਕ ਨਵਾਂ ਟੀਵੀ ਚੈਨਲ ਲਾਂਚ ਕਰਾਂਗਾ ਜਿਸਦਾ ਚੋਵੀ ਘੰਟੇ ਪ੍ਰਸਾਰਣ ਹੋਵੇਗਾ 'ਐਮ.ਟੀ.ਏ.ਘਾਨਾ' ਦੇ ਨਾਂ ਨਾਲ । ਇਹ ਘਾਨਾ ਵਿੱਚ ਡੀਜੀਟਲ ਪਲੇਟਫ਼ਾਰਮ'ਤੇ ਚੋਵੀ ਘੰਟੇ ਪ੍ਰਸਾਰਣ ਕਰਨ ਵਾਲਾ ਨਵਾਂ ਅੰਤਰਦੇਸ਼ੀ ਟੀਵੀ ਚੈਨਲ ਹੋਵੇਗਾ । ਜੋ ਸੈਟੇਲਾਈਟ ਡਿਸ਼ ਤੋਂ ਬਿਨਾ ਸਾਧਾਰਣ ਏਰੀਅਲ ਰਾਹੀਂ ਦੇਖਿਆ ਜਾ ਸਕੇਗਾ। ਇਨਸ਼ਾਅਲੱਾਹ। ਜਿਵੇਂ ਕਿ ਮੈਂ ਕਿਹਾ ਜੁਮਏ ਦੇ ਬਾਦ ਨਮਾਜ਼ਾਂ ਦਾ ਬਾਦ ਮੈਂ ਉਧਘਾਟਨ ਕਰਾਂਗਾ।

ਹਜ਼ੂਰ ਅਨਵਰ ਨੇ ਪਾਕਿਸਤਾਨ ਅਤੇ ਅਲਜਜ਼ਾਇਰ ਦੇ ਕੈਦੀਆਂ ਲਈ ਦੁਆ ਦੀ ਤਹਿਰੀਕ ਕਰਦਿਆਂ ਹੋਇਆਂ ਫ਼ਰਮਾਇਆ ਕਿ ਦੁਆ ਕਰੋ ਵਿਸ਼ੇਸ਼ ਰੂਪ ਵਿੱਚ ਕਿ ਰੱਬ ਉਹਨਾ ਦੀ ਰਿਹਾਈ ਦੇ ਸਾਧਨ ਬਣਾਏ । ਪਾਕਿਸਤਾਨ ਦੇ ਸਾਧਾਰਣ ਹਾਲਾਤ ਲਈ ਵੀ ਦੁਆ ਕਰੋ । ਅਲੱਾਹ ਤਆਲਾ ਉੱਥੇ ਰਹਿੰਦਿਆਂ ਅਹਮਦੀਆਂ ਨੂੰ ਸੁਕੂਨ ਤੇ ਸ਼ਾਂਤੀ ਦਾ ਜੀਵਨ ਲੰਘਾਉਣ ਦਾ ਸੰਜੋਗ ਪ੍ਰਦਾਨ ਕਰੇ । ਅਹਮਦੀਅਤ ਦੇ ਵਿਰੋਧੀਆਂ ਨੂੰ ਅਕਲ ਤੇ ਸਮਝ ਦੇਵੇ ਜੇਕਰ ਨਹੀਂ ਤਾਂ ਫਿਰ ਜੋ ਰੱਬ ਨੇ ਉਹਨਾ ਨਾਲ ਸੁਲੂਕ ਕਰਨਾ ਹੈ ਉਹ ਕਰੇ ਅਤੇ ਅਸੀ ਛੇਤੀ ਇਸ ਤੋਂ ਮੁਕਤੀ ਪਾਉਣ ਵਾਲੇ ਹੋਈਏ ।

اَلْحَمْدُ لِلّٰہِ نَحْمَدُہٗ وَنَسْتَعِیْنُہٗ وَنَسْتَغْفِرُہٗ وَنُؤْمِنُ بِہٖ وَنَتَوَکَّلُ عَلَیْہِ وَنَعُوْذُ بِاللّٰہِ مِنْ شُرُوْرِ اَنْفُسِنَا وَمِنْ سَیِّئَاتِ اَعْمَالِنَا مَنْ یَّھْدِہِ اللّٰہُ فَلَا مُضِلَّ لَہٗ وَمَنْ یُّضْلِلْہُ فَلَا ھَادِیَ لَہٗ وَنَشْھَدُ اَنْ لَّا اِلٰہَ اِلَّا اللّٰہُ وَنَشْھَدُ اَنَّ مُحَمَّدًا عَبْدُہٗ وَرَسُوْلُہٗ. عِبَادَ اللّٰہِ رحمکم اللّٰہ اِنَّ اللّٰہَ یَاْمُرُ بِالْعَدْلِ وَالْاِحْسَانِ وَاِیْتَآءِ ذِی الْقُرْبٰی وَیَنْھٰی عَنِ الْفَحْشَآءِ وَالْمُنْکَرِ وَالْبَغْیِ یَعِظُکُمْ لَعَلَّکُمْ تَذَکَّرُوْنَ اُذْکُرُوا اللّٰہَ یَذْکُرْکُمْ وَادْعُوْہُ یَسْتَجِبْ لَکُمْ وَلَذِکْرُ اللّٰہِ اَکْبَرُ۔

**Khulasa Khutba Jumma 15.01.2021**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131